OFFICE OF THE
ABDL. CHIEF ADMINISTRATOR-CUM-RETURNING OFFICER
Revising Authority Officer 34 Balluana SGPC Election Board
Zila Parishad Complex,Cabin no. 214, Bathinda
Phone/Fax No. 0164-2241949,0164-2210736
E-mail : bathindarural093ac@gmail.com

ਜ਼ਿੰਮੇਵਾਰ ਬਣੋ, ਵੋਟਰ ਬਣੋ ਜ਼ਿੰਮੇਵਾਰ ਬਣੋ, ਵੋਟਰ ਬਣੋ

ਨੰਬਰ ਚਸ/2023/ 990 ਮਿਤੀ 31/10/2023

ਵੱਲ

ਨਾਇਬ ਤਹਿਸੀਲਦਾਰ-ਕਮ-ਨੋਡਲ ਅਫਸਰ
ਬਠਿੰਡਾ, ਗੋਨਿਆਣਾ ਅਤੇ ਸੰਗਤ।

ਵਿਸ਼ਾ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਤੇ ਨਵੇਂ ਬੋਰਡ ਦੇ ਗਠਨ ਲਈ ਵੋਟਰ ਸੂਚੀਆਂ ਦੀ ਤਿਆਰੀ ਸਬੰਧੀ ਸਪੈਸਲ ਕੈਂਪ।

ਹਵਾਲਾ: ਮਾਨਯੋਗ ਡਿਪਟੀ ਕਮਿਸ਼ਨਰ ਬਠਿੰਡਾ ਜੀ ਦੇ ਪੱਤਰ ਨੰ:ਚੋਣ/2023/1934-39 ਮਿਤੀ:31-10-2023 ਸਬੰਧੀ ।

ਉਪਰੋਕਤ ਵਿਸ਼ੇ ਅਧੀਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਤੇ ਨਵੇਂ ਬੋਰਡ ਦੇ ਗਠਨ ਲਈ ਮਿਤੀ:21-10-2023 ਤੋ ਵੋਟਰ ਸੂਚੀਆਂ ਦੀ ਤਿਆਰੀ ਸਬੰਧੀ ਕੰਮ ਚੱਲ ਰਿਹਾ ਹੈ। ਪਰੰਤੂ ਹਲਕਾ -34 ਬੱਲੂਆਣਾ ਮਿਤੀ 31/10/2023 ਤੱਕ ਕੋਈ ਵੀ ਫਾਰਮ ਪ੍ਰਾਪਤ ਨਹੀ ਹੋਇਆ। ਉਪਰੋਕਤ ਨੂੰ ਮੁੱਖ ਰੱਖਦੇ ਹੋਏ ਨਾਲ ਨੱਥੀ ਪ੍ਰੋਗਰਾਮ ਅਨੁਸਾਰ (ਮਿਤੀ 4/11/2023,5/11/2023,8/11/2023,9/11/2023 ਅਤੇ 10/11/2023) ਨੂੰ ਸਵੇਰੇ 10 ਤੋਂ ਸ਼ਾਮ 5 ਵਜੇਂ ਤੱਕ ਸਪੈਸਲ ਕੈਂਪ ਹਲਕਾ ਪਟਵਾਰੀਆ ਰਾਹੀ ਲਵਾਏ ਜਾਣ, ਤਾਂ ਜੋ ਮਾਣਯੋਗ ਚੀਫ ਕਮਿਸ਼ਨਰ ਗੁਰਦੁਆਰਾ ਚੋਣਾਂ ਦੁਆਰਾ ਜਾਰੀ ਹੁਕਮਾ ਤਹਿਤ ਵੋਟਰ ਸੂਚੀਆਂ ਦੀ ਤਿਆਰੀ ਦਾ ਕੰਮ ਮਿਤੀ 15/11/2023 ਤੱਕ ਮੁਕੰਮਲ ਕੀਤਾ ਜਾ ਸਕੇ। ਹਲਕਾ ਪਟਵਾਰੀਆਂ ਦੀ ਮਦਦ ਲਈ ਸਬੰਧਤ ਪਿੰਡਾਂ ਦੇ ਬੀ.ਐਲ.ਓ. ਵੀ ਕੈਂਪ ਵਿੱਚ ਹਾਜਰ ਰਹਿਣਗੇ ਅਤੇ ਨਾਇਬ ਤਹਿਸੀਲਦਾਰ ਕਮ ਨੋਡਲ ਅਫਸਰ ਨਿੱਜੀ ਤੌਰ ਤੇ ਬੂਥਾ ਦੀ ਚੈਕਿੰਗ ਕਰਨਗੇ ਤੇ ਨਿਮਨਹਸਤਾਖਰ ਨੂੰ ਰਿਪੋਰਟ ਕਰਨਗੇ।

ਰਿਵਾਈਜਿੰਗ ਅਥਾਰਿਟੀ (034 ਬੱਲੂਆਣਾ)-
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ)-ਚੋਣਾਂ-
ਕਮ-ਵਧੀਕ ਮੁੱਖ ਪ੍ਰਸ਼ਾਸਕ, ਬੀ.ਡੀ.ਏ,ਬਠਿੰਡਾ

ਪਿੱਠ ਅੰਕਣ ਨੰ. 991 ਮਿਤੀ : 31/10/2023

ਉਪਰੋਕਤ ਦਾ ਇੱਕ ਉਤਾਰਾ :

1. ਜ਼ਿਲ੍ਹਾ ਚੋਣ ਅਫਸਰ, ਬਠਿੰਡਾ ਜੀ ਨੂੰ ਸੂਚਨਾ ਹਿੱਤ ।
2. ਸਮੂਹ ਹਲਕਾ ਪਟਵਾਰੀਆਂ ਨੂੰ ਭੇਜ ਕੇ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਮਿਤੀਆਂ(ਮਿਤੀ 4/11/2023,5/11/2023,8/11/2023,9/11/2023 ਅਤੇ 10/11/2023) ਨੂੰ ਸਪੈਸ਼ਲ ਕੈਂਪ ਦੌਰਾਨ ਆਪਣੇ ਪੋਲਿੰਗ ਸਟੇਸ਼ਨਾ ਤੇ ਬੈਠ ਕੇ ਵੋਟਰ ਸੂਚੀਆਂ ਦੀ ਤਿਆਰੀ ਸਬੰਧੀ ਫਾਰਮ ਪ੍ਰਾਪਤ ਕਰਨ, ਜਿਨ੍ਹਾਂ ਹਲਕਾ ਪਟਵਾਰੀਆਂ ਕੋਲ ਇੱਕ ਤੋਂ ਜਿਆਦਾ ਪਿੰਡ ਹਨ, ਉਹ ਇਹਨਾਂ ਕੈਂਪਾਂ ਦੇ ਸਮੇਂ ਦੌਰਾਨ ਆਪਣਾ ਸ਼ਡਿਊਲ ਬਣਾ ਲਇਆ ਜਾਵੇ, ਤਾ ਜੋ ਹਰੇਕ ਪਿੰਡ ਕਵਰ ਕੀਤਾ ਜਾ ਸਕੇ।
3. ਜ਼ਿਲਾ ਲੋਕ ਸੰਪਰਕ ਅਫਸਰ ਬਠਿੰਡਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਕੈਂਪ ਸਬੰਧੀ ਪ੍ਰੋਗਰਾਮ ਨੂੰ ਅਖਬਾਰਾ ਵਿੱਚ ਪ੍ਰਕਾਸ਼ਿਤ ਕੀਤਾ ਜਾਵੇ।
4. ਜ਼ਿਲ੍ਹਾ ਬਲਾਕ ਅਤੇ ਪੰਚਾਇਤ ਅਫਸਰ ਨੂੰ ਭੇਜ਼ ਕੇ ਲਿਖਿਆ ਜਾਂਦਾ ਹੈ ਕਿ ਉਕਤ ਕੈਂਪਾ ਸਬੰਧੀ ਪਿੰਡਾਂ ਵਿੱਚ ਮੁਸ਼ਤਰੀ/ਮੁਨਾਦੀ ਕਰਵਾਉਣ ਲਈ ਬਲਾਕ ਵਿਕਾਸ ਅਤੇ ਪੰਚਾਇਤ ਅਫਸਰਾਂ ਨੂੰ ਇਸ ਸਬੰਧੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਜਾਣ।
5. ਚੋਣਕਾਰ ਰਜਿਸਟਰੇਸ਼ਨ ਅਫਸਰ ਵਿਧਾਨ ਸਭਾ ਹਲਕਾ (091 ਭੁੱਚੋ) ਪਾਸ ਉਕਤ ਅਨੁਸਾਰ ਪਟਵਾਰੀ ਹਲਕਾ ਨਾਲ ਸਹਿਯੋਗ ਲਈ ਲਗਾਏ ਗਏ ਬੀ.ਐਲ.ਓਜ ਦੀ ਲਿਸਟ ਭੇਜ ਕੇ ਬੇਨਤੀ ਹੈ ਕੀ ਇਹਨਾਂ ਬੀ.ਐਲ.ਓਜ ਨੂੰ ਸਬੰਧਤ ਪਟਵਾਰੀਆ ਦਾ ਸਹਿਯੋਗ ਕਰਨ ਲਈ ਹਦਾਇਤਾ ਜਾਰੀ ਕੀਤੀਆ ਜਾਣ।
6. ਸਮੂਹ ਸਬੰਧਤ ਬੀ.ਐਲ.ਓ./ਸੁਪਰਵਾਈਜ਼ਰਾਂ ਵਿਧਾਨਸਭਾ ਹਲਕਾ ਬਠਿੰਡਾ ਦਿਹਾਤੀ-93 ਅਤੇ ਭੁੱਚੋ-91 ਨੂੰ ਉਕਤ ਹੁਕਮਾਂ ਦੀ ਪਾਲਣਾ ਹਿੱਤ ਭੇਜਿਆ ਜਾਂਦਾ ਹੈ।

ਰਿਵਾਈਜਿੰਗ ਅਥਾਰਿਟੀ (034 ਬੱਲੂਆਣਾ)-
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ)-ਚੋਣਾ-
ਕਮ-ਵਧੀਕ ਮੁੱਖ ਪ੍ਰਸ਼ਾਸਕ, ਬੀ.ਡੀ.ਏ,ਬਠਿੰਡਾ